# ਇਤਿਹਾਸ

## ਸ਼੍ਰੇਣੀ-ਬਾਰ੍ਹਵੀਂ

## ਸਮੈਸਟਰ-I

**ਸਮਾਂ- $2^{1/2}$ ਘੰਟੇ** **ਲਿਖਤੀ ਪੇਪਰ ਅੰਕ : 55**

**] ਸੀ.ਸੀ.ਈ : 25**

**ਕੁੱਲ ਅੰਕ : 8●**

### ਪ੍ਰਸ਼ਨ ਪੱਤਰ ਦੀ ਰੂਪ ਰੇਖਾ

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਭਾਗ ੳ, ਅ ਅਤੇ ੲ ਵਿੱਚ ਵੰਡਿਆ ਹੋਵੇਗਾ। ਸਾਰੇ ਭਾਗ ਕਰਨੇ ਲਾਜ਼ਮੀ ਹੋਣਗੇ।
2. ਭਾਗ ੳ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਇਸ ਦੇ ਇਤਿਹਾਸ ਤੇ ਉਨ੍ਹਾਂ ਦਾ ਪ੍ਰਭਾਵ' ਤੋਂ 'ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਜੀ ਦੇ ਅਧੀਨ ਸਿੱਖ ਧਰਮ ਦਾ ਵਿਕਾਸ' ਤੱਕ ਦੀ ਸਮੱਗਰੀ ਸ਼ਾਮਲ ਹੋਵੇਗੀ।
3. ਭਾਗ ਅ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੀ ਸ਼ਹੀਦੀ ਤੋਂ ਬੰਦਾ ਸਿੰਘ ਬਹਾਦਰ ਤੱਕ ਦੀ ਸਮੱਗਰੀ ਸ਼ਾਮਿਲ ਹੋਵੇਗੀ।
4. ਭਾਗ ੲ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਮਹੱਤਵਪੂਰਨ ਲੜਾਈਆਂ ਅਤੇ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਸਬੰਧੀ ਦੋ ਨਕਸ਼ੇ ਹੋਣਗੇ।
5. ਕੁਲ 19 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਲਾਜ਼ਮੀ ਹੋਣਗੇ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਦਿੱਤੇ ਹੋਣਗੇ।
6. ਭਾਗ ੳ ਅਤੇ ਅ ਵਿੱਚੋਂ 9-9 ਪ੍ਰਸ਼ਨ ਹੋਣਗੇ ਅਤੇ ਭਾਗ-ੲ ਵਿੱਚੋਂ ਨਕਸ਼ੇ ਦਾ ਇੱਕ ਪ੍ਰਸ਼ਨ ਹੋਵੇਗਾ।
7. ਭਾਗ ੳ ਵਿੱਚੋਂ ਪ੍ਰਸ਼ਨ ਨੰ: 1 ਤੋਂ 5 ਅਤੇ ਭਾਗ ਅ ਵਿੱਚੋਂ ਪ੍ਰਸ਼ਨ 1● ਤੋਂ 14 ਤੱਕ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 1●-15 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 10 X 1= 10
8. ਭਾਗ ੳ ਵਿੱਚੋਂ ਪ੍ਰਸ਼ਨ 6 ਤੋਂ 8 ਅਤੇ ਭਾਗ ਅ ਵਿਚੋਂ ਪ੍ਰਸ਼ਨ ਨੰ : 15 ਤੋਂ 17 ਤੱਕ ਹੋਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 55-65 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 3 X 6= 18
9. ਭਾਗ ੳ ਵਿੱਚੋਂ ਪ੍ਰਸ਼ਨ ਨੰ: 9 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 18 ਸੈੱਟ ਕੀਤਾ ਜਾਵੇਗਾ। ਹਰੇਕ ਪ੍ਰਸ਼ਨ 8 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 2●●-25● ਸ਼ਬਦਾਂ ਵਿੱਚ ਦੇਣਾ ਹੋਵੇਗਾ। ਇਨ੍ਹਾਂ ਪ੍ਰਸ਼ਨਾਂ ਵਿੱਚ 1●●% ਅੰਦਰੂਨੀ ਛੋਟ ਹੋਵੇਗੀ। ਪੇਪਰ ਸੈਟਰ ਇੱਕ ਚੈਪਟਰ ਵਿੱਚੋਂ ਇੱਕ ਤੋਂ ਵੱਧ ਪ੍ਰਸ਼ਨ ਸੈੱਟ ਨਹੀਂ ਕਰੇਗਾ।
   8 X 2= 16
10. ਭਾਗ ੲ ਵਿੱਚੋਂ ਨਕਸ਼ੇ ਦਾ ਪ੍ਰਸ਼ਨ ਨੰ: 19 ਸੈੱਟ ਕੀਤਾ ਜਾਵੇਗਾ, ਜਿਸ ਵਿੱਚ 1●●% ਅੰਦਰੂਨੀ ਛੋਟ ਦਿੱਤੀ ਜਾਵੇਗੀ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ ਹੋਣਗੇ। ਉਪ-ਭਾਗ ੳ ਵਿੱਚ ਮਾਨਚਿੱਤਰ ਭਰਨ ਲਈ ਕਿਹਾ ਜਾਵੇਗਾ ਅਤੇ ਇਸ ਦੇ 6 ਅੰਕ ਹੋਣਗੇ। ਉਪ-ਭਾਗ ਅ ਵਿੱਚ ਮਾਨਚਿੱਤਰ ਵਿੱਚ ਭਰੇ ਹੋਏ ਸਥਾਨਾਂ ਦੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ ਅਤੇ ਜਿਸ ਦੇ 5 ਅੰਕ ਹੋਣਗੇ। ਉਪ-ਭਾਗ ਅ ਦਾ ਉੱਤਰ ਲਗ-ਪਗ 9●-1●● ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ। 6 + 5 = 11
11. ਕੇਵਲ ਨੇਤਰਹੀਣ ਵਿਦਿਆਰਥੀਆਂ ਲਈ : (ਨੇਤਰਹੀਣ ਵਿਦਿਆਰਥੀਆਂ ਨੂੰ ਨਕਸ਼ੇ ਵਾਲੇ ਪ੍ਰਸ਼ਨ ਦੀ ਥਾਂ ਤੇ ਇੱਥੇ ਵੱਖਰਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ 6 ਅਤੇ 5 ਅੰਕਾਂ ਦੇ ਹੋਣਗੇ ਜਿਨ੍ਹਾਂ ਵਿੱਚ 1●●% ਅੰਦਰੂਨੀ ਛੋਟ ਦਿੱਤੀ ਜਾਵੇਗੀ।

## ਪਾਠ ਕ੍ਰਮ ਦੀ ਵੰਡ

### ਭਾਗ-ੳ

1. ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਇਸ ਦੇ ਇਤਿਹਾਸ ਤੇ ਉਨਾਂ ਦਾ ਪ੍ਰਭਾਵ।
2. ਪੰਜਾਬ ਦੇ ਇਤਿਹਾਸ ਦੇ ਸੋਮੇ।
3. 16 ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੀ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਦਸ਼ਾ।
4. ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਸਿੱਖਿਆਵਾਂ।
5. ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਦੇ ਅਧੀਨ ਸਿੱਖ ਧਰਮ ਦਾ ਵਿਕਾਸ।

### ਭਾਗ-ਅ

6. ਗੁਰੂ ਅਰਜਨ ਦੇਵ ਜੀ ਅਤੇ ਉਨਾਂ ਦੀ ਸ਼ਹੀਦੀ।
7. ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸਿੱਖ ਧਰਮ ਵਿੱਚ ਪ੍ਰੀਵਰਤਨ।
8. ਗੁਰੂ ਤੇਗ ਬਹਾਦਰ ਜੀ ਅਤੇ ਉਨਾਂ ਦੀ ਸ਼ਹੀਦੀ।
9. ਗੁਰੂ ਗੋਬਿੰਦ ਸਿੰਘ ਜੀ, ਖਾਲਸਾ ਦੀ ਸਥਾਪਨਾ, ਉਨਾਂ ਦੇ ਯੁੱਧ ਅਤੇ ਉਨਾਂ ਦਾ ਵਿਅਕਤੀਤਵ।
10. ਬੰਦਾ ਸਿੰਘ ਬਹਾਦਰ।

### ਭਾਗ-ੲ

ਇਸ ਭਾਗ ੲ ਵਿੱਚੋਂ ਇੱਕ ਨਕਸ਼ੇ ਦਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਹ ਪ੍ਰਸ਼ਨ ਕਰਨਾ ਲਾਜ਼ਮੀ ਹੋਵੇਗਾ। ਨਕਸ਼ੇ ਦਾ ਪ੍ਰਸ਼ਨ ਹੇਠ ਲਿਖੇ ਨਕਸ਼ਿਆਂ ਵਿੱਚੋਂ ਹੋਵੇਗਾ।

1. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ।
2. ਬੰਦਾ ਸਿੰਘ ਬਹਾਦਰ ਦੀਆਂ ਮਹੱਤਵਪੂਰਨ ਲੜਾਈਆਂ।

**ਇਤਿਹਾਸ**

**ਸ਼੍ਰੇਣੀ-ਬਾਰ੍ਹਵੀਂ**

**ਸਮੈਸਟਰ-II**

**ਸਮਾਂ- 3 ਘੰਟੇ** **ਲਿਖਤੀ ਪੇਪਰ ਅੰਕ : 85**

**ਸੀ.ਸੀ.ਈ/ ਆਂਤਰਿਕ ਮੁਲਾਂਕਣ : 35**

**ਕੁੱਲ ਅੰਕ : 120**

## ਪ੍ਰਸ਼ਨ ਪੱਤਰ ਦੀ ਰੂਪ ਰੇਖਾ

1. ਪ੍ਰਸ਼ਨ ਪੱਤਰ ਤਿੰਨ ਹਿੱਸਿਆਂ ਭਾਗ ੳ, ਅ ਅਤੇ ੲ ਵਿੱਚ ਵੰਡਿਆ ਹੋਵੇਗਾ। ਸਾਰੇ ਭਾਗ ਕਰਨੇ ਲਾਜ਼ਮੀ ਹੋਣਗੇ।
2. ਭਾਗ ੳ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਅਬਦੁੱਸ ਸਮਦ ਖਾਂ, ਜ਼ਕਰੀਆਂ ਖਾਂ ਅਤੇ ਮੀਰ ਮੰਨੂੰ ਉਨਾਂ ਦੇ ਸਿੱਖਾਂ ਨਾਨ ਸਬੰਧ ਲੈ ਕੇ ਸਿੱਖ ਮਿਸਲਾਂ ਦੀ ਉਤਪੱਤੀ ਅਤੇ ਵਿਕਾਸ ਅਤੇ ਉਨਾਂ ਦੇ ਸੰਗਠਨ ਦਾ ਸਰੂਪ' ਤੱਕ ਦੀ ਸਮੱਗਰੀ ਸ਼ਾਮਲ ਹੋਵੇਗੀ।
3. ਭਾਗ ਅ ਵਿੱਚ ਨਿਰਧਾਰਿਤ ਸਿਲੇਬਸ ਵਿੱਚੋਂ 'ਰਣਜੀਤ ਸਿੰਘ ਦਾ ਜੀਵਨ' ਅਤੇ ਜਿੱਤਾਂ ਤੋਂ ਲੈ ਕੇ ਦੂਜਾ ਐਂਗਲੋਂ- ਸਿੱਖ ਯੁੱਧ : ਕਾਰਨ ਅਤੇ ਨਤੀਜੇ ਅਤੇ 'ਪੰਜਾਬ ਦਾ ਸੰਮੇਲਨ' ਤੱਕ ਦੀ ਸਮੱਗਰੀ ਸ਼ਾਮਿਲ ਹੋਵੇਗੀ।
4. ਭਾਗ ੲ ਵਿੱਚ ਤਿੰਨ ਨਕਸ਼ੇ ਹੋਣਗੇ। ਰਣਜੀਤ ਸਿੰਘ ਦਾ ਸਮਰਾਜ, ਪਹਿਲਾ ਐਂਗਲੋਂ- ਸਿੱਖ ਯੁੱਧ ਅਤੇ ਦੂਜਾ ਐਂਗਲੋਂ- ਸਿੱਖ ਯੁੱਧ।
5. ਕੁਲ 21 ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਜ਼ਰੂਰੀ ਹੋਣਗੇ। ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹੋਣਗੇ।
6. ਭਾਗ ੳ ਅਤੇ ਅ ਵਿੱਚੋਂ 10-10 ਪ੍ਰਸ਼ਨ ਹੋਣਗੇ। ਭਾਗ-ੲ ਵਿੱਚੋਂ ਨਕਸ਼ੇ ਦਾ ਇੱਕ ਪ੍ਰਸ਼ਨ ਹੋਵੇਗਾ।
7. ਭਾਗ ੳ ਵਿੱਚੋਂ ਪ੍ਰਸ਼ਨ ਨੰ: 1 ਤੋਂ 5 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 11 ਤੋਂ 15 ਤੱਕ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 10-15 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀਆਂ ਨੂੰ ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। 1 X 10 = 10
8. ਭਾਗ ੳ ਵਿੱਚੋਂ ਪ੍ਰਸ਼ਨ 6 ਤੋਂ 9 ਅਤੇ ਭਾਗ ਅ ਵਿਚੋਂ ਪ੍ਰਸ਼ਨ ਨੰ : 16 ਤੋਂ 19 ਤੱਕ ਹੋਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 75-80 ਸ਼ਬਦਾਂ ਵਿੱਚ ਦੇਣਾ ਹੋਵੇਗਾ। ਵਿਦਿਆਰਥੀ ਨੂੰ ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ। 5 X 8 = 40
9. ਭਾਗ ੳ ਵਿੱਚੋਂ ਪ੍ਰਸ਼ਨ ਨੰ: 10 ਅਤੇ ਭਾਗ ਅ ਵਿੱਚੋਂ ਪ੍ਰਸ਼ਨ ਨੰ: 20 ਹੋਵੇਗਾ। ਹਰੇਕ ਪ੍ਰਸ਼ਨ 10 ਅੰਕਾਂ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ 250-300 ਸ਼ਬਦਾਂ ਵਿੱਚ ਦੇਣਾ ਹੋਵੇਗਾ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੋਵੇਗੀ। ਪੇਪਰ ਸੈਟਰ ਇੱਕ ਚੈਪਟਰ ਵਿੱਚੋਂ ਇੱਕ ਤੋਂ ਵੱਧ ਪ੍ਰਸ਼ਨ ਸੈੱਟ ਨਹੀਂ ਕਰੇਗਾ।
   10 X 2 = 20
10. ਭਾਗ ੲ ਵਿੱਚੋਂ ਨਕਸ਼ੇ ਦਾ ਪ੍ਰਸ਼ਨ ਨੰ: 21 ਸੈੱਟ ਕੀਤਾ ਜਾਵੇਗਾ, ਜਿਸ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਇਸ ਪ੍ਰਸ਼ਨ ਦੇ 15 ਅੰਕ ਹੋਣਗੇ। ਇਸ ਪ੍ਰਸ਼ਨ ਦੇ ਦੋ ਉਪ-ਭਾਗ ੳ ਅਤੇ ਅ ਹੋਣਗੇ। ਉਪ-ਭਾਗ ੳ ਵਿੱਚ ਮਾਨ ਚਿੱਤਰ ਭਰਨ ਲਈ ਕਿਹਾ ਜਾਵੇਗਾ। ਇਸ ਦੇ 8 ਅੰਕ ਹੋਣਗੇ। ਉਪ-ਭਾਗ ਅ ਵਿੱਚ ਮਾਨਚਿੱਤਰ ਵਿੱਚ ਭਰੇ ਹੋਏ ਸਥਾਨਾਂ ਦੀ ਵਿਆਖਿਆ ਕਰਨ ਲਈ ਕਿਹਾ ਜਾਵੇਗਾ, ਜਿਸ ਦੇ 7 ਅੰਕ ਹੋਣਗੇ। ਉਪ-ਭਾਗ ਅ ਦਾ ਉੱਤਰ ਲਗਭਗ 125-150 ਸ਼ਬਦਾਂ ਵਿੱਚ ਦੇਣਾ ਹੋਵੇਗਾ। 8 + 7 = 15
11. ਕੇਵਲ ਨੇਤਰਹੀਣ ਵਿਦਿਆਰਥੀਆਂ ਲਈ : (ਨੇਤਰਹੀਣ ਵਿਦਿਆਰਥੀਆਂ ਨੂੰ ਨਕਸ਼ੇ ਵਾਲੇ ਪ੍ਰਸ਼ਨ ਦੀ ਥਾਂ ਤੇ ਇੱਥੇ ਵੱਖਰਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਹ ਪ੍ਰਸ਼ਨ ਦੋ ਉਪ-ਭਾਗ ੳ ਅਤੇ ਅ ਵਿੱਚ ਵੰਡਿਆ ਹੋਵੇਗਾ। ਹਰੇਕ ਉੱਪ-ਭਾਗ ਦੇ 8 ਅਤੇ 7 ਅੰਕ ਹੋਣਗੇ। ਇਸ ਪ੍ਰਸ਼ਨ ਵਿੱਚ 100% ਅੰਦਰੂਨੀ ਛੋਟ ਹੋਵੇਗੀ।

## ਸਮੈਸਟਰ–II
## ਪਾਠ ਕ੍ਰਮ ਦੀ ਵੰਡ

### ਭਾਗ–ੳ

1. ਅਬੱਦੁਸ ਸਮਦ ਖਾਂ, ਜਕਰੀਆਂ ਖਾਂ ਅਤੇ ਮੀਰ ਮੰਨੂ : ਉਨਾਂ ਦੇ ਸਿੱਖਾਂ ਨਾਲ ਸਬੰਧ।
2. ਦਲ ਖਾਲਸਾ ਦੀ ਉੱਤਪਤੀ ਅਤੇ ਇਸ ਦੀ ਯੁੱਧ ਪ੍ਰਣਾਲੀ।
3. ਮੁਗਲਾਂ ਦੇ ਅਧੀਨ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਅਵਸਥਾ।
4. ਅਹਿਮਦਸ਼ਾਹ ਅਬਦਾਲੀ ਦੇ ਹਮਲੇ ਅਤੇ ਪੰਜਾਬ ਵਿੱਚ ਮੁਗਲ ਸ਼ਾਸਨ ਦਾ ਪਤਨ।
5. ਸਿੱਖ ਮਿਸਲਾਂ ਦੀ ਉੱਤਪਤੀ ਅਤੇ ਵਿਕਾਸ ਅਤੇ ਉਨਾਂ ਦੇ ਸੰਗਠਨ ਦਾ ਸਰੂਪ।

### ਭਾਗ–ਅ

6. ਰਣਜੀਤ ਸਿੰਘ ਦਾ ਜੀਵਨ ਅਤੇ ਜਿੱਤਾਂ।
7. ਐਂਗਲੋਂ–ਸਿੱਖ ਸਬੰਧ 18●●–1839।
8. ਰਣਜੀਤ ਸਿੰਘ ਦੇ ਅਫਗਾਨਿਸਤਾਨ ਨਾਲ ਸਬੰਧ ਅਤੇ ਉਸ ਦੀ ਉੱਤਰ–ਪੱਛਮੀ ਸੀਮਾਂ ਸਬੰਧੀ ਨੀਤੀ।
9. ਰਣਜੀਤ ਸਿੰਘ ਦਾ ਸਿਵਲ ਅਤੇ ਸੈਨਿਕ ਸ਼ਾਸਨ ਪ੍ਰਬੰਧ।
1●. ਰਣਜੀਤ ਸਿੰਘ ਦਾ ਚਰਿੱਤਰ ਅਤੇ ਸ਼ਖਸੀਅਤ।
11. ਪਹਿਲਾ ਐਂਗਲੋਂ–ਸਿੱਖ ਯੁੱਧ : ਕਾਰਨ ਅਤੇ ਨਤੀਜੇ।
12. ਦੂਜਾ ਐਂਗਲੋਂ–ਸਿੱਖ ਯੁੱਧ : ਕਾਰਨ ਅਤੇ ਨਤੀਜੇ।

### ਭਾਗ–ੲ

ਇਸ ਭਾਗ ੲ ਵਿੱਚੋਂ ਇੱਕ ਨਕਸ਼ੇ ਦਾ ਪ੍ਰਸ਼ਨ ਕਰਨ ਲਈ ਦਿੱਤਾ ਜਾਵੇਗਾ। ਇਹ ਪ੍ਰਸ਼ਨ ਕਰਨਾ ਲਾਜ਼ਮੀ ਹੋਵੇਗਾ। ਨਕਸ਼ੇ ਦਾ ਪ੍ਰਸ਼ਨ ਹੇਠ ਲਿਖੇ ਨਕਸ਼ਿਆਂ ਵਿੱਚੋਂ ਹੋਵੇਗਾ।

1. ਰਣਜੀਤ ਸਿੰਘ ਦਾ ਸਮਰਾਜ।
2. ਪਹਿਲਾ ਐਂਗਲੋਂ–ਸਿੱਖ ਯੁੱਧ।
3. ਦੂਜਾ ਐਂਗਲੋਂ–ਸਿੱਖ ਯੁੱਧ।